WORKSAFE ACT SAFE + HEALTHY WORKPLACES

# ਮਾਰਗਦਰਸ਼ਕ ਟਿੱਪਣੀਆਂ

# ਕੰਮ 'ਤੇ ਸਿਹਤ ਅਤੇ ਸੁਰੱਖਿਆ ਪ੍ਰਬੰਧਨ ਯੋਜਨਾ

**ਇਹ ਮਾਰਗਦਰਸ਼ਕ ਟਿੱਪਣੀ ਕਾਰਜ ਸਥਾਨ ਸਿਹਤ ਅਤੇ ਸੁਰੱਖਿਆ (ਵਰਕ ਹੈਲਥ ਐਂਡ ਸੇਫਟੀ) (WHS) ਪ੍ਰਬੰਧਨ ਯੋਜਨਾ ਬਣਾਉਣ ਅਤੇ ਕਾਇਮ ਰੱਖਣ ਲਈ ਮੁੱਖ ਲੋੜਾਂ ਦੀ ਰੂਪਰੇਖਾ ਦੱਸਦੀ ਹੈ।**

WHS ਪ੍ਰਬੰਧਨ ਯੋਜਨਾ ਇੱਕ ਲਿਖਤੀ ਯੋਜਨਾ ਹੈ ਜੋ ਇੱਕ ਕੰਮ ਵਾਲੀ ਥਾਂ 'ਤੇ ਸਿਹਤ ਅਤੇ ਸੁਰੱਖਿਆ ਦੇ ਮਾਮਲਿਆਂ ਦੇ ਪ੍ਰਬੰਧਨ ਲਈ ਪ੍ਰਬੰਧਾਂ ਨੂੰ ਨਿਰਧਾਰਤ ਕਰਦੀ ਹੈ ਜਿੱਥੇ ਕੋਈ ਉਸਾਰੀ ਪ੍ਰੋਜੈਕਟ ਸ਼ੁਰੂ ਕੀਤਾ ਜਾ ਰਿਹਾ ਹੈ।

ਉਸਾਰੀ ਪ੍ਰਾਜੈਕਟ ਵਾਲੇ ਮੁੱਖ ਠੇਕੇਦਾਰ ਨੂੰ ਉਸਾਰੀ ਪ੍ਰਾਜੈਕਟ 'ਤੇ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਕੰਮ ਵਾਲੀ ਥਾਂ ਲਈ WHS ਪ੍ਰਬੰਧਨ ਯੋਜਨਾ ਤਿਆਰ ਕਰਨੀ ਲਾਜ਼ਮੀ ਹੈ। ਮੁੱਖ ਠੇਕੇਦਾਰ ਲਈ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਪ੍ਰੋਜੈਕਟ 'ਤੇ ਕੰਮ ਕਰਨ ਵਾਲੇ ਹਰੇਕ ਵਿਅਕਤੀ ਨੂੰ WHS ਪ੍ਰਬੰਧਨ ਯੋਜਨਾ ਦੀ ਲਿਖਤ ਸਮੱਗਰੀ ਅਤੇ ਪ੍ਰੋਜੈਕਟ 'ਤੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਇਸ ਯੋਜਨਾ ਦਾ ਨਿਰੀਖਣ ਕਰਨ ਦੇ ਉਹਨਾਂ ਦੇ ਅਧਿਕਾਰ ਬਾਰੇ ਜਾਣੂ ਕਰਵਾਇਆ ਜਾਵੇ।

ਉਸਾਰੀ ਪ੍ਰੋਜੈਕਟ ਦਾ ਅਰਥ ਉਹ ਪ੍ਰੋਜੈਕਟ ਹੁੰਦਾ ਹੈ ਜਿਸ ਵਿੱਚ ਉਸਾਰੀ ਦੇ ਕੰਮ ਦੀ ਲਾਗਤ $250,000 ਜਾਂ ਇਸਤੋਂ ਵੱਧ ਹੁੰਦੀ ਹੈ, ਜਾਂ ਉਸਾਰੀ ਦੇ ਕੰਮ ਵਿੱਚ ਢਿੱਲੀ ਭਰੀ ਹੋਈ ਐਸਬੈਸਟੋਸ ਇਨਸੂਲੇਸ਼ਨ (ਜਿਸ ਨੂੰ ਮਿਸਟਰ ਫਲਫ਼ੀ (Mr Fluffy) ਵੀ ਕਿਹਾ ਜਾਂਦਾ ਹੈ) ਵਾਲੇ ਢਾਂਚੇ ਨੂੰ ਢਾਹੁਣਾ ਜਾਂ ਉਸਦਾ ਨਵੀਨੀਕਰਨ ਕਰਨਾ ਸ਼ਾਮਲ ਹੁੰਦਾ ਹੈ।

WHS ਪ੍ਰਬੰਧਨ ਯੋਜਨਾ ਵਿੱਚ ਇਹਨਾਂ ਦਾ ਸ਼ਾਮਲ ਹੋਣਾ ਲਾਜ਼ਮੀ ਹੈ:

- WHS ਨੀਤੀਆਂ ਨੂੰ ਇਕੱਠਾ ਕਰਨ, ਮੁਲਾਂਕਣ ਕਰਨ, ਨਿਗਰਾਨੀ ਕਰਨ ਅਤੇ ਸਮੀਖਿਆ ਕਰਨ ਲਈ ਖ਼ਾਸ ਪ੍ਰਬੰਧ,
- ਸਿਖਲਾਈ,
- ਜ਼ੋਖਮ ਪ੍ਰਬੰਧਨ ਪ੍ਰਕਿਰਿਆਵਾਂ,
- ਉਪ-ਠੇਕੇਦਾਰ ਪ੍ਰਬੰਧਨ, ਅਤੇ
- ਸੱਟ ਪ੍ਰਬੰਧਨ।

ਉਸਾਰੀ ਪ੍ਰੋਜੈਕਟ ਵਾਲੇ ਮੁੱਖ ਠੇਕੇਦਾਰ ਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣ ਲਈ ਕਿ WHS ਪ੍ਰਬੰਧਨ ਯੋਜਨਾ ਅੱਪ-ਟੂ-ਡੇਟ ਹੈ ਇਸ ਦੀ ਸਮੀਖਿਆ ਕਰਨੀ ਚਾਹੀਦੀ ਹੈ ਅਤੇ, ਲੋੜ ਪੈਣ 'ਤੇ, ਇਸ ਵਿੱਚ ਸੋਧ ਕਰਨੀ ਚਾਹੀਦੀ ਹੈ।

WHS ਪ੍ਰਬੰਧਨ ਯੋਜਨਾ ਅਤੇ Safe Work Method Statement (SWMS) (ਸੁਰੱਖਿਅਤ ਕੰਮ ਕਰਨ ਦੇ ਤਰੀਕੇ ਬਾਰੇ ਸਟੇਟਮੈਂਟ) ਦੀਆਂ ਵੱਖੋ-ਵੱਖਰੀਆਂ ਸ਼ਰਤਾਂ ਹਨ ਅਤੇ WHS ਕਾਨੂੰਨਾਂ ਦੇ ਅਧੀਨ ਆਪੋ ਵਿੱਚ ਬਦਲੀਆਂ ਨਹੀਂ ਜਾ ਸਕਦੀਆਂ ਹਨ। SWMS ਇੱਕ WHS ਪ੍ਰਬੰਧਨ ਯੋਜਨਾ ਦਾ ਹਿੱਸਾ ਹੋ ਸਕਦੀ ਹੈ। ਇਸ ਮਾਰਗਦਰਸ਼ਕ ਟਿੱਪਣੀ ਦੇ ਅੰਤ ਵਿੱਚ ਇੱਕ WHS ਪ੍ਰਬੰਧਨ ਯੋਜਨਾ ਟੈਂਪਲੇਟ (ਖਾਕਾ) ਦਿੱਤਾ ਗਿਆ ਹੈ।

ਪ੍ਰਮੁੱਖ ਠੇਕੇਦਾਰ ਇੱਕ ਆਮ WHS ਪ੍ਰਬੰਧਨ ਯੋਜਨਾ ਤਿਆਰ ਕਰ ਸਕਦਾ ਹੈ ਜੋ ਕਈ ਉਸਾਰੀ ਪ੍ਰੋਜੈਕਟਾਂ 'ਤੇ ਲਾਗੂ ਕੀਤੇ ਜਾਣ ਦੇ ਸਮਰੱਥ ਹੈ। ਹਾਲਾਂਕਿ, ਕਿਸੇ ਖ਼ਾਸ ਪ੍ਰੋਜੈਕਟ ਅਤੇ ਕੰਮ ਵਾਲੀ ਥਾਂ ਲਈ ਖ਼ਤਰਿਆਂ ਅਤੇ ਜ਼ੋਖਮਾਂ ਨੂੰ ਧਿਆਨ ਵਿੱਚ ਰੱਖਣ ਲਈ ਮੁੱਖ ਠੇਕੇਦਾਰ ਦੁਆਰਾ ਇੱਕ ਸਧਾਰਨ ਯੋਜਨਾ ਦੀ ਸਮੀਖਿਆ ਕਰਨੀ ਅਤੇ ਉਸ ਵਿੱਚ ਸੋਧ ਕੀਤੀ ਜਾਣੀ ਚਾਹੀਦੀ ਹੈ।

WHS ਪ੍ਰਬੰਧਨ ਯੋਜਨਾ ਦਾ ਇਰਾਦਾ ਇਹ ਯਕੀਨੀ ਬਣਾਉਣਾ ਹੈ ਕਿ ਕਿਸੇ ਗੁੰਝਲਦਾਰ ਉਸਾਰੀ ਪ੍ਰੋਜੈਕਟ ਨਾਲ ਜੁੜੇ ਜ਼ੋਖਮਾਂ ਨਾਲ ਨਜਿੱਠਣ ਲਈ ਲੋੜੀਂਦੀਆਂ ਪ੍ਰਕਿਰਿਆਵਾਂ ਮੌਜੂਦ ਹਨ, ਕਿਉਂਕਿ ਆਮ ਤੌਰ 'ਤੇ ਬਹੁਤ ਸਾਰੇ ਠੇਕੇਦਾਰ ਅਤੇ ਉਪ-ਠੇਕੇਦਾਰ ਸ਼ਾਮਲ ਹੁੰਦੇ ਹਨ ਅਤੇ ਹਾਲਾਤ ਦਿਨ ਪ੍ਰਤੀ ਦਿਨ ਤੇਜ਼ੀ ਨਾਲ ਬਦਲ ਸਕਦੇ ਹਨ।

ਮੁੱਖ ਠੇਕੇਦਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੀਤਾ ਜਾ ਰਿਹਾ ਕੰਮ ਉਸੇ ਸਥਾਨ 'ਤੇ ਕੰਮ ਕਰ ਰਹੇ ਦੂਜੇ ਠੇਕੇਦਾਰਾਂ ਜਾਂ ਉਪ-ਠੇਕੇਦਾਰਾਂ ਦੁਆਰਾ ਵਰਤੇ ਜਾ ਰਹੇ ਨਿਯੰਤਰਣ ਉਪਾਵਾਂ ਨਾਲ ਟਕਰਾਉਂਦਾ ਨਾ ਹੋਵੇ ਜਾਂ ਦੂਜਿਆਂ ਲਈ ਵਾਧੂ ਜ਼ੋਖਮ ਪੈਦਾ ਨਾ ਕਰੇ। ਮੁੱਖ ਠੇਕੇਦਾਰ ਨੂੰ ਕਿਸੇ ਵੀ ਸਿਹਤ ਅਤੇ ਸੁਰੱਖਿਆ ਨੁਮਾਇੰਦਿਆਂ (HSRs), ਠੇਕੇਦਾਰਾਂ ਅਤੇ ਉਪ-ਠੇਕੇਦਾਰਾਂ ਸਮੇਤ ਸੰਬੰਧਿਤ ਕਰਮਚਾਰੀਆਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ WHS ਪ੍ਰਬੰਧਨ ਯੋਜਨਾ ਕੰਮ ਅਤੇ ਕੰਮ ਦੀ ਥਾਂ ਲਈ ਢੁੱਕਵੇਂ ਹੈ।

WHS ਪ੍ਰਬੰਧਨ ਯੋਜਨਾ ਵਿੱਚ ਹੇਠ ਲਿਖੀ ਜਾਣਕਾਰੀ ਸ਼ਾਮਲ ਹੋਣੀ ਲਾਜ਼ਮੀ ਹੈ:

- ਕੰਮ ਵਾਲੀ ਥਾਂ 'ਤੇ ਮੌਜੂਦ ਹੋਣ ਵਾਲੇ ਸਾਰੇ ਵਿਅਕਤੀਆਂ ਦੇ ਨਾਮ, ਅਹੁਦੇ ਅਤੇ ਸਿਹਤ ਅਤੇ ਸੁਰੱਖਿਆ ਜ਼ਿੰਮੇਵਾਰੀਆਂ ਜਿਨ੍ਹਾਂ ਦੇ ਅਹੁਦਿਆਂ ਜਾਂ ਭੂਮਿਕਾਵਾਂ ਵਿੱਚ ਪ੍ਰੋਜੈਕਟ ਦੇ ਸੰਬੰਧ ਵਿੱਚ ਕੋਈ ਖ਼ਾਸ ਸਿਹਤ ਅਤੇ ਸੁਰੱਖਿਆ ਜ਼ਿੰਮੇਵਾਰੀਆਂ ਹੋਣੀਆਂ ਸ਼ਾਮਲ ਹਨ
- WHS Act (2011) (WHS ਐਕਟ 2011) ਅਤੇ WHS Regulation (2011) (WHS ਰੈਗੂਲੇਸ਼ਨ 2011) ਦੇ ਅਧੀਨ ਉਨ੍ਹਾਂ ਡਿਊਟੀਆਂ ਦੀ ਪਾਲਣਾ ਦੇ ਸੰਬੰਧ ਵਿੱਚ, ਕੰਮ ਵਾਲੀ ਥਾਂ 'ਤੇ ਜਿੱਥੇ ਉਸਾਰੀ ਪ੍ਰੋਜੈਕਟ ਸ਼ੁਰੂ ਕੀਤਾ ਜਾ ਰਿਹਾ ਹੈ, ਕਿਸੇ ਕਾਰੋਬਾਰ ਜਾਂ ਉਦਯੋਗ (PCBU) ਦਾ ਸੰਚਾਲਨ ਕਰਨ ਵਾਲੇ ਕਿਸੇ ਵੀ ਵਿਅਕਤੀ ਵਿਚਕਾਰ ਸਲਾਹ-ਮਸ਼ਵਰੇ, ਸਹਿਯੋਗ ਅਤੇ ਗਤੀਵਿਧੀਆਂ ਦੇ ਤਾਲਮੇਲ ਲਈ ਪ੍ਰਬੰਧ ਮੌਜੂਦ ਹਨ।
- ਵਾਪਰਨ ਵਾਲੀਆਂ ਕਿਸੇ ਵੀ WHS ਘਟਨਾਵਾਂ ਨਾਲ ਨਜਿੱਠਣ ਲਈ ਪ੍ਰਬੰਧ ਕੀਤੇ ਗਏ ਹਨ
- ਕੋਈ ਵੀ ਸਾਈਟ-ਵਿਸ਼ੇਸ਼ ਸਿਹਤ ਅਤੇ ਸੁਰੱਖਿਆ ਨਿਯਮ, ਅਤੇ ਇਹ ਯਕੀਨੀ ਬਣਾਉਣ ਲਈ ਪ੍ਰਬੰਧ ਕੀਤੇ ਗਏ ਹਨ ਕਿ ਕੰਮ ਵਾਲੀ ਥਾਂ 'ਤੇ ਸਾਰੇ ਵਿਅਕਤੀਆਂ ਨੂੰ ਇਹਨਾਂ ਨਿਯਮਾਂ ਬਾਰੇ ਸੂਚਿਤ ਕੀਤਾ ਜਾਂਦਾ ਹੈ, ਅਤੇ
- ਕੰਮ ਵਾਲੀ ਥਾਂ 'ਤੇ SWMS ਦੇ ਸੰਗ੍ਰਹਿ ਅਤੇ ਕਿਸੇ ਵੀ ਮੁਲਾਂਕਣ, ਨਿਗਰਾਨੀ ਅਤੇ ਸਮੀਖਿਆ ਲਈ ਪ੍ਰਬੰਧ ਕੀਤੇ ਗਏ ਹਨ।

ਮੁੱਖ ਠੇਕੇਦਾਰ ਨੂੰ ਕੰਮ ਵਾਲੀ ਥਾਂ 'ਤੇ ਹੇਠ ਲਿਖੀਆਂ ਗੱਲਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਵੀ ਪ੍ਰਬੰਧ ਕਰਨੇ ਚਾਹੀਦੇ ਹਨ:

- ਕੰਮ ਵਾਲੀ ਥਾਂ 'ਤੇ ਉਸਾਰੀ ਵਾਲੀ ਸਮੱਗਰੀ ਅਤੇ ਰਹਿੰਦ-ਖੂੰਹਦ ਦਾ ਭੰਡਾਰਨ, ਆਵਾਜਾਈ ਅਤੇ ਨਿਪਟਾਰਾ
- ਉਸ ਪਲਾਂਟ (ਮਸ਼ੀਨਰੀ) ਦੀ ਸਟੋਰੇਜ ਜੋ ਵਰਤੋਂ ਵਿੱਚ ਨਹੀਂ ਹੈ
- ਕੰਮ ਵਾਲੀ ਥਾਂ ਦੇ ਨੇੜੇ-ਤੇੜੇ ਦੀ ਆਵਾਜਾਈ ਜੋ ਕਿ ਉਸਾਰੀ ਪ੍ਰੋਜੈਕਟ ਦੇ ਸੰਬੰਧ ਵਿੱਚ ਕੀਤੇ ਗਏ ਨਿਰਮਾਣ ਕਾਰਜ ਦੁਆਰਾ ਪ੍ਰਭਾਵਿਤ ਹੋ ਸਕਦੀ ਹੈ
- ਕੰਮ ਵਾਲੀ ਥਾਂ 'ਤੇ ਬੁਨਿਆਦੀ ਸੇਵਾਵਾਂ
- ਆਮ ਕੰਮਕਾਜੀ ਮਾਹੌਲ
- ਮੁੱਢਲੀ ਡਾਕਟਰੀ ਸਹਾਇਤਾ (ਫਸਟ ਏਡ)
- ਐਮਰਜੇਂਸੀ ਯੋਜਨਾਵਾਂ
- ਨਿੱਜੀ ਸੁਰੱਖਿਆ ਉਪਕਰਨ
- ਹਵਾ ਵਿੱਚ ਫ਼ੈਲਣਯੋਗ ਦੂਸ਼ਿਤ ਤੱਤਾਂ ਤੋਂ ਖ਼ਤਰਿਆਂ ਦਾ ਪ੍ਰਬੰਧਨ ਕਰਨਾ
- ਖ਼ਤਰਨਾਕ ਆਲਾ-ਦੁਆਲਾ
- ਜਲਣਸ਼ੀਲ ਜਾਂ ਬਲਣਸ਼ੀਲ ਪਦਾਰਥਾਂ ਦਾ ਭੰਡਾਰਨ, ਅਤੇ
- ਇਹ ਯਕੀਨੀ ਬਣਾਉਣਾ ਕਿ ਕਾਮਿਆਂ ਕੋਲ ਉਸਾਰੀ ਦਾ ਕੰਮ ਕਰਨ ਲਈ ਉਚਿਤ ਲਾਇਸੰਸ ਅਤੇ ਸਿਖਲਾਈ ਹੋਵੇ।

ਪ੍ਰਮੁੱਖ ਠੇਕੇਦਾਰ ਜੋ WHS ਪ੍ਰਬੰਧਨ ਯੋਜਨਾ ਤਿਆਰ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਉਸਨੂੰ ਇਕੱਲੇ ਵਿਅਕਤੀ ਲਈ $6 000 ਜਾਂ ਬਾਡੀ ਕਾਰਪੋਰੇਟ ਲਈ $30000 ਤੱਕ ਦੇ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

WHS ਪ੍ਰਬੰਧਨ ਯੋਜਨਾਵਾਂ ਨਾਲ ਨਜਿੱਠਣ ਅਤੇ ਬਣਾਉਣ ਬਾਰੇ ਵਧੇਰੇ ਜਾਣਕਾਰੀ ਲਈ, *Construction Work Code of Practice* (ਕੰਸਟਰਕਸ਼ਨ ਵਰਕ ਕੋਡ ਆਫ਼ ਪ੍ਰੈਕਟਿਸ) ਅਤੇ Work health and safety management plans (ਵਰਕ ਹੈਲਥ ਐਂਡ ਸੇਫਟੀ ਮੈਨੇਜਮੈਂਟ ਪਲਾਨ) ਵੈਬਪੇਜ ਦੇਖੋ।

### WHS ਪ੍ਰਬੰਧਨ ਯੋਜਨਾ ਦੀ ਸਮੀਖਿਆ ਕਰਨਾ

ਮੁੱਖ ਠੇਕੇਦਾਰ WHS ਪ੍ਰਬੰਧਨ ਯੋਜਨਾ ਦੀ ਸਮੀਖਿਆ ਅਤੇ ਸੋਧ ਕਰਨ ਲਈ ਜ਼ਿੰਮੇਵਾਰ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਤਾਜ਼ਾ ਜਾਣਕਾਰੀ ਯੁਕਤ ਹੈ।

WHS ਪ੍ਰਬੰਧਨ ਯੋਜਨਾ ਦੀ ਲੋੜ ਅਨੁਸਾਰ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ। ਉਦਾਹਰਨ ਲਈ, ਜੇਕਰ ਹੇਠ ਲਿਖਿਆ ਵਿੱਚ ਮਹੱਤਵਪੂਰਨ ਤਬਦੀਲੀਆਂ ਹੁੰਦੀਆਂ ਹਨ ਤਾਂ ਇਸਦੀ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ:

- ਕੰਮ ਦੇ ਸਥਾਨ ਦੇ ਹਾਲਾਤਾਂ ਵਿੱਚ
- ਕੰਮ ਦੇ ਸਥਾਨ ਦੇ ਸੁਰੱਖਿਆ ਨਿਯਮਾਂ ਵਿੱਚ, ਜਾਂ
- ਸਿਹਤ ਅਤੇ ਸੁਰੱਖਿਆ ਲਈ ਜ਼ਿੰਮੇਵਾਰੀ ਵਾਲੇ ਵਿਅਕਤੀਆਂ ਬਾਰੇ।

ਕੰਮ ਵਾਲੀ ਥਾਂ 'ਤੇ ਕਿਸੇ WHS ਘਟਨਾ ਹੋਣ ਤੋਂ ਬਾਅਦ WHS ਪ੍ਰਬੰਧਨ ਯੋਜਨਾ ਦੀ ਵੀ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ ਅਤੇ ਸੋਧੀ ਜਾਣੀ ਚਾਹੀਦੀ ਹੈ।

WHS ਪ੍ਰਬੰਧਨ ਯੋਜਨਾ ਦੀ ਸਮੀਖਿਆ ਸੰਬੰਧਿਤ ਕਰਮਚਾਰੀਆਂ, ਠੇਕੇਦਾਰਾਂ, ਉਪ-ਠੇਕੇਦਾਰਾਂ ਅਤੇ HSRs ਨਾਲ ਸਲਾਹ-ਮਸ਼ਵਰਾ ਕਰਕੇ ਕੀਤੀ ਜਾਣੀ ਚਾਹੀਦੀ ਹੈ।

ਜੇਕਰ ਸਮੀਖਿਆ ਤੋਂ ਬਾਅਦ ਕੋਈ ਪ੍ਰਕਿਰਿਆ ਬਦਲ ਗਈ ਹੈ, ਤਾਂ ਮੁੱਖ ਠੇਕੇਦਾਰ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ, ਜਿੱਥੋਂ ਤੱਕ ਵਾਜਬ ਤੌਰ 'ਤੇ ਵਿਵਹਾਰਕ ਹੈ, ਕਿ ਉਸਾਰੀ ਪ੍ਰੋਜੈਕਟ 'ਤੇ ਕੰਮ ਕਰਨ ਵਾਲੇ ਹਰੇਕ ਵਿਅਕਤੀ ਨੂੰ ਉਨ੍ਹਾਂ ਤਬਦੀਲੀਆਂ ਬਾਰੇ ਜਾਣੂ ਕਰਵਾਇਆ ਗਿਆ ਹੈ।

## WHS ਪ੍ਰਬੰਧਨ ਯੋਜਨਾ ਨੂੰ ਥਾਂ ਸਿਰ ਰੱਖਣਾ

ਜਿੱਥੇ ਉਸਾਰੀ ਪ੍ਰੋਜੈਕਟ ਨੂੰ ਪੂਰਾ ਕੀਤਾ ਜਾਵੇਗਾ ਉੱਥੇ ਇੱਕ WHS ਪ੍ਰਬੰਧਨ ਯੋਜਨਾ, ਕੰਮ ਵਾਲੀ ਥਾਂ 'ਤੇ ਰੱਖੀ ਜਾਣੀ ਚਾਹੀਦੀ ਹੈ। ਇਸ ਵਿੱਚ ਇਲੈਕਟ੍ਰਾਨਿਕ ਕਾਪੀਆਂ ਰੱਖਣਾ ਵੀ ਸ਼ਾਮਲ ਹਨ।

PCBU ਨੂੰ ਲਾਜ਼ਮੀ ਤੌਰ 'ਤੇ WHS ਪ੍ਰਬੰਧਨ ਯੋਜਨਾ ਦੀ ਇੱਕ ਕਾਪੀ ਸੰਬੰਧਿਤ ਕਰਮਚਾਰੀਆਂ ਅਤੇ WorkSafe ACT ਇੰਸਪੈਕਟਰਾਂ ਦੁਆਰਾ ਨਿਰੀਖਣ ਲਈ ਉਪਲਬਧ ਰੱਖੀ ਹੋਣੀ ਚਾਹੀਦੀ ਹੈ।

ਇੱਕ ਕਾਪੀ ਉਦੋਂ ਤੱਕ ਰੱਖੀ ਜਾਣੀ ਚਾਹੀਦੀ ਹੈ ਜਦੋਂ ਤੱਕ ਇਹ ਨਿਰਮਾਣ ਪ੍ਰੋਜੈਕਟ ਪੂਰਾ ਨਹੀਂ ਹੋ ਜਾਂਦਾ ਹੈ। ਜੇਕਰ ਉਸਾਰੀ ਪ੍ਰੋਜੈਕਟ ਦੇ ਸੰਬੰਧ ਵਿੱਚ ਕੋਈ ਸੂਚਨਾ ਦੇਣ ਯੋਗ ਘਟਨਾ ਵਾਪਰਦੀ ਹੈ, ਤਾਂ WHS ਪ੍ਰਬੰਧਨ ਯੋਜਨਾ ਨੂੰ ਘਟਨਾ ਵਾਪਰਨ ਤੋਂ ਬਾਅਦ ਘੱਟੋ-ਘੱਟ 2 ਸਾਲਾਂ ਲਈ ਰੱਖਿਆ ਜਾਣਾ ਲਾਜ਼ਮੀ ਹੈ।

ਜਿੱਥੇ WHS ਪ੍ਰਬੰਧਨ ਯੋਜਨਾ ਵਿੱਚ ਸੋਧ ਕੀਤੀ ਗਈ ਹੈ, ਹਰ ਸੰਸਕਰਣ ਨੂੰ ਰੱਖਿਆ ਜਾਣਾ ਚਾਹੀਦਾ ਹੈ।

# ਸਲਾਹ-ਮਸ਼ਵਰਾ

WHS ਐਕਟ, ਸਿਹਤ ਅਤੇ ਸੁਰੱਖਿਆ ਡਿਊਟੀ ਵਾਲੇ ਹਰੇਕ ਵਿਅਕਤੀ ਨੂੰ ਉਸ ਹਰੇਕ ਵਿਅਕਤੀ ਨਾਲ ਸਲਾਹ-ਮਸ਼ਵਰਾ ਕਰਨ, ਸਹਿਯੋਗ ਕਰਨ ਅਤੇ ਗਤੀਵਿਧੀਆਂ ਦਾ ਤਾਲਮੇਲ ਕਰਨ ਦੀ ਮੰਗ ਕਰਦਾ ਹੈ ਜਿਸਦੀ ਉਸ ਕੰਮ ਸੰਬੰਧੀ ਕੋਈ ਡਿਊਟੀ ਹੈ।

ਡਿਊਟੀ ਧਾਰਕਾਂ ਵਿਚਕਾਰ ਸਲਾਹ-ਮਸ਼ਵਰਾ ਇਹ ਯਕੀਨੀ ਬਣਾਉਂਦਾ ਹੈ ਕਿ ਕੰਮ ਨਾਲ ਜੁੜੇ ਹਰ ਵਿਅਕਤੀ ਨੂੰ ਇਸ ਬਾਰੇ ਸਾਂਝੀ ਸਮਝ ਹੈ ਕਿ ਖ਼ਤਰੇ ਅਤੇ ਜ਼ੋਖਮ ਕੀ ਹਨ, ਕਿਹੜੇ ਕਰਮਚਾਰੀ ਪ੍ਰਭਾਵਿਤ ਹੋ ਸਕਦੇ ਹਨ ਅਤੇ ਜ਼ੋਖਮਾਂ ਨੂੰ ਕਿਵੇਂ ਖ਼ਤਮ ਜਾਂ ਨਿਯੰਤਰਿਤ ਕੀਤਾ ਜਾਵੇਗਾ।

ਮੁੱਖ ਠੇਕੇਦਾਰ ਨੂੰ ਵਰਕਸਾਈਟ 'ਤੇ ਮੌਜੂਦ PCBUs ਵਿਚਕਾਰ ਸਲਾਹ-ਮਸ਼ਵਰੇ, ਸਹਿਯੋਗ ਅਤੇ ਤਾਲਮੇਲ ਲਈ ਕੀਤੇ ਗਏ ਪ੍ਰਬੰਧਾਂ ਨੂੰ WHS ਪ੍ਰਬੰਧਨ ਯੋਜਨਾ ਵਿੱਚ ਲਿਖਣਾ ਚਾਹੀਦਾ ਹੈ।

ਕੰਮ ਵਾਲੀ ਥਾਂ 'ਤੇ ਸਲਾਹ-ਮਸ਼ਵਰੇ, ਸਹਿਯੋਗ ਅਤੇ ਤਾਲਮੇਲ ਬਾਰੇ ਹੋਰ ਜਾਣਕਾਰੀ ਲਈ, *Work Health and Safety Consultation, Cooperation and Coordination Code of Practice (ਕੰਮ ਦੀ ਸਿਹਤ ਅਤੇ ਸੁਰੱਖਿਆ ਸਲਾਹ, ਸਹਿਯੋਗ ਅਤੇ ਤਾਲਮੇਲ ਕੋਡ ਆਫ਼* ਪ੍ਰੈਕਟਿਸ) ਦੇਖੋ।

*ਸੇਫ਼ ਵਰਕ ਮੈਥਡ ਸਟੇਟਮੈਂਟਸ ਬਾਰੇ ਹੋਰ ਜਾਣਕਾਰੀ ਲਈ, ਦੇਖੋ Guidance note: Safe Work Method Statements (ਮਾਰਗਦਰਸ਼ਕ ਟਿੱਪਣੀ: ਸੇਫ਼ ਵਰਕ ਮੈਥਡ ਸਟੇਟਮੈਂਟਸ)।*

WORKSAFE ACT SAFE + HEALTHY WORKPLACES

# ਅਟੈਚਮੈਂਟ A—WHS ਪ੍ਰਬੰਧਨ ਯੋਜਨਾ ਟੈਂਪਲੇਟ

**ਮੁੱਖ ਠੇਕੇਦਾਰ ਦੇ ਵੇਰਵੇ:**

ਲਿਖਣ ਲਈ ਇੱਥੇ ਕਲਿੱਕ ਕਰੋ।

**ਪ੍ਰੋਜੈਕਟ ਵੇਰਵੇ (ਜਿੱਥੇ** ਸੰਬੰਧਿਤ **ਹੋਵੇ ਪ੍ਰੋਜੈਕਟ ਦਾ ਪਤਾ ਸ਼ਾਮਲ ਕਰੋ):**

ਲਿਖਣ ਲਈ ਇੱਥੇ ਕਲਿੱਕ ਕਰੋ।

**ਵਿਸ਼ੇਸ਼ ਸਿਹਤ ਅਤੇ ਸੁਰੱਖਿਆ ਜ਼ਿੰਮੇਵਾਰੀਆਂ ਵਾਲੇ ਲੋਕ**

ਇਸ ਪ੍ਰੋਜੈਕਟ ਲਈ ਵਿਸ਼ੇਸ਼ ਜ਼ਿੰਮੇਵਾਰੀਆਂ ਵਾਲੇ ਲੋਕਾਂ ਦੇ ਵੇਰਵਿਆਂ ਦੀ ਸੂਚੀ ਬਣਾਓ ਉਦਾਹਰਨ ਲਈ, ਸਾਈਟ ਸੁਪਰਵਾਈਜ਼ਰ, ਸੁਰੱਖਿਆ ਮੈਨੇਜਰ; ਜਾਂ ਉਹਨਾਂ ਦੇ ਵਿਸ਼ੇਸ਼ ਸੰਪਰਕ ਵੇਰਵੇ ਕਿੱਥੋਂ ਪ੍ਰਾਪਤ ਕਰਨੇ ਹਨ

| ਨਾਮ | ਅਹੁਦਾ | WHS ਜ਼ਿੰਮੇਵਾਰੀਆਂ ਦਾ ਸੰਖੇਪ ਵਰਣਨ |
|---|---|---|
| | | |
| | | |

| ਸਲਾਹ-ਮਸ਼ਵਰੇ, ਸਹਿਯੋਗ ਅਤੇ ਤਾਲਮੇਲ ਲਈ ਲਾਗੂ ਕੀਤੇ ਗਏ ਪ੍ਰਬੰਧ | ਜ਼ਿੰਮੇਵਾਰ ਵਿਅਕਤੀ |
|---|---|
| **ਕਿਸੇ ਕਾਰੋਬਾਰ ਜਾਂ ਉਦਯੋਗ (PCBU) ਦਾ ਸੰਚਾਲਨ ਕਰਨ ਵਾਲੇ ਵਿਅਕਤੀਆਂ ਵਿਚਕਾਰ ਸਲਾਹ-ਮਸ਼ਵਰੇ, ਸਹਿਯੋਗ ਅਤੇ ਤਾਲਮੇਲ ਪ੍ਰਬੰਧਾਂ ਦਾ ਵਰਣਨ ਕਰੋ, ਜਿਵੇਂ ਕਿ ਉਪ-ਠੇਕੇਦਾਰ, ਇਸ ਲਈ ਜੇਕਰ ਕੰਮ** ਸਾਂਝਾ **ਹੁੰਦਾ ਹੈ, ਤਾਂ ਹਰੇਕ ਨੂੰ WHS ਕਾਨੂੰਨਾਂ ਦੀ ਪਾਲਣਾ ਦੇ ਸੰਬੰਧ ਵਿੱਚ ਦੂਜਿਆਂ ਦੀਆਂ ਗਤੀਵਿਧੀਆਂ ਬਾਰੇ ਪਤਾ ਹੁੰਦਾ ਹੈ।** | |
| | |
| | |
| | |

| ਕੰਮ 'ਤੇ ਸਿਹਤ ਅਤੇ ਸੁਰੱਖਿਆ ਦੀਆਂ ਘਟਨਾਵਾਂ ਨਾਲ ਨਜਿੱਠਣ ਲਈ ਲਾਗੂ ਪ੍ਰਬੰਧ | ਜ਼ਿੰਮੇਵਾਰ ਵਿਅਕਤੀ |
|---|---|
| **ਹਰ ਉਸ ਕਿਸਮ ਦੀ ਘਟਨਾ ਨਾਲ ਨਜਿੱਠਣ ਲਈ ਪ੍ਰਬੰਧਾਂ ਦਾ ਵਰਣਨ ਕਰੋ ਜੋ ਵਾਪਰ ਸਕਦੀ ਹੈ ਅਤੇ ਉਸ ਵਿਅਕਤੀ ਦਾ ਨਾਮ ਲਿਖੋ ਜੋ ਐਮਰਜੈਂਸੀ ਸੇਵਾਵਾਂ ਅਤੇ ਸਥਾਨਕ ਸੁਰੱਖਿਆ ਅਥਾਰਟੀ ਨਾਲ ਸੰਪਰਕ ਕਰੇਗਾ। ਪ੍ਰੋਜੈਕਟ ਲਈ ਮੁੱਢਲੀ ਸਹਾਇਤਾ (ਫਸਟ ਏਡ) ਦੇ ਪ੍ਰਬੰਧਾਂ ਦਾ ਵੀ ਵਰਣਨ ਕਰੋ।** | |
| | |
| | |
| | |

| ਕੰਮ ਨੂੰ ਸੁਰੱਖਿਅਤ ਤਰੀਕੇ ਨਾਲ ਕਰਨ ਬਾਰੇ ਸਟੇਟਮੈਂਟ (SWMS) | ਜ਼ਿੰਮੇਵਾਰ ਵਿਅਕਤੀ |
|---|---|
| **ਕੰਮ ਵਾਲੀ ਥਾਂ 'ਤੇ SWMS ਨੂੰ ਇਕੱਠਾ ਕਰਨ, ਮੁਲਾਂਕਣ ਕਰਨ, ਨਿਗਰਾਨੀ ਕਰਨ ਅਤੇ ਸਮੀਖਿਆ ਕਰਨ ਲਈ ਪ੍ਰਬੰਧ ਨਿਰਧਾਰਤ ਕਰੋ** | |
| | |
| | |
| | |

| ਸਾਈਟ ਸੁਰੱਖਿਆ ਨਿਯਮ | ਇਹਨਾਂ ਨਿਯਮਾਂ ਨੂੰ ਦੱਸਣ ਲਈ ਜ਼ਿੰਮੇਵਾਰ ਵਿਅਕਤੀ |
|---|---|
| **ਹਰੇਕ ਨਿਯਮ ਸਰਲ ਅਤੇ ਸਪੱਸ਼ਟ ਹੋਣਾ ਚਾਹੀਦਾ ਹੈ। ਇਹ ਨਿਰਧਾਰਤ ਕਰੋ ਕਿ ਨਿਯਮ** ਕਿਸ ਕਿਸ 'ਤੇ ਲਾਗੂ ਹੁੰਦੇ ਹਨ **ਅਤੇ ਇਹਨਾਂ ਨੂੰ ਦੱਸਣ ਲਈ ਕੌਣ ਜ਼ਿੰਮੇਵਾਰ ਹੈ/ਇਹ ਕਿਵੇਂ ਯਕੀਨੀ ਬਣਾਇਆ ਜਾਵੇਗਾ ਕਿ ਕੰਮ ਵਾਲੀ ਥਾਂ 'ਤੇ ਹਰੇਕ ਵਿਅਕਤੀ ਨੂੰ ਨਿਯਮਾਂ ਬਾਰੇ ਸੂਚਿਤ ਕੀਤਾ ਜਾਵੇ।** | |
| | |
| | |
| | |